ਐਸ.ਐਸ.ਡੀ. ਗਰਲਜ਼ ਕਾਲਜ (ਖ਼ੁਦਮੁਖਤਿਆਰ)
ਸੈਸ਼ਨ: 2026-27, 2027-28 ਅਤੇ 2028-29 ਤੱਕ
ਬੀ.ਬੀ.ਏ. ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
ਪੰਜਾਬੀ ਲਾਜ਼ਮੀ (ਸਮੈਸਟਰ ਤੀਜਾ)
ਪੇਪਰ ਕੋਡ: BBA306

ਉਦੇਸ਼ ਅਤੇ ਸੰਭਾਵੀ ਨਤੀਜੇ

ਪਾਠ ਕ੍ਰਮ ਦਾ ਉਦੇਸ਼:

1. ਵਿਦਿਆਰਥੀਆਂ ਨੂੰ ਪੰਜਾਬੀ ਨਾਵਲ ਦੀਆ ਬਹੁਪੱਖੀ ਵਿਚਾਰਧਾਰਾਵਾਂ ਬਾਰੇ ਜਾਣੂ ਕਰਵਾਉਣਾ ।
2. ਨਾਵਲ ਦੀ ਵਿਧਾ ਰਾਹੀਂ ਵਿਦਿਆਰਥੀਆਂ ਅੰਦਰ ਸਾਹਿਤਕ ਚੇਟਕ ਪੈਦਾ ਕਰਕੇ ਰਚਨਾਤਮਕ ਰੁਚੀਆਂ ਵੱਲ ਪ੍ਰੇਰਿਤ ਕਰਨਾ ।
3. ਪੰਜਾਬੀ ਵਿੱਚ ਕੰਪਿਊਟਰ ਵਿਗਿਆਨ ਦੀ ਪੜ੍ਹਾਈ ਦੇ ਵਿਭਿੰਨ ਪੱਖਾਂ ਦੇ ਅਧਿਐਨ ਰਾਹੀਂ ਵਿਦਿਆਰਥੀਆਂ ਨੂੰ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਵਾਉਣਾ ਹੈ ।
4. ਮਾਤ ਭਾਸ਼ਾ ਨੂੰ ਕੰਪਿਊਟਰੀ ਕਰਨ ਦੇ ਨਾਲ ਜੋੜ ਕੇ ਸਿਧਾਂਤਕ ਤੇ ਪ੍ਰਯੋਗੀ ਜਾਣਕਾਰੀ ਮੁਹੱਈਆ ਕਰਵਾਕੇ ਵਿਦਿਆਰਥੀਆਂ ਨੂੰ ਹੁਨਰਮੰਦ ਬਣਾਉਣਾ ।

ਸੰਭਾਵੀ ਨਤੀਜੇ:

1. ਪੰਜਾਬੀ ਨਾਵਲ ਦੇ ਅਧਿਐਨ ਨਾਲ ਵਿਦਿਆਰਥੀ ਪੰਜਾਬੀ ਦੇ ਨਾਵਲਕਾਰਾਂ ਦੇ ਦ੍ਰਿਸ਼ਟੀ ਕੋਣ ਤੋਂ ਜਾਣੂ ਹੋਣਗੇ ।
2 ਪੰਜਾਬੀ ਨਾਵਲ ਵਿਦਿਆਰਥੀਆਂ ਅੰਦਰ ਰਚਨਾਤਮਕ ਰੁਚੀਆਂ ਪੈਦਾ ਕਰਨ ਨਾਲ ਉਨ੍ਹਾਂ ਨੂੰ ਆਧੁਨਿਕ ਯੁੱਗ ਦੇ ਮਨੁੱਖ ਦੇ ਅੰਦਰ ਬਾਹਰ ਫੈਲੇ ਵਿਰੋਧੀ ਵਿਸੰਗਤੀਆਂ ਤੇ ਤਣਾਵਾਂ ਨੂੰ ਘਟਾਉਣ ਵਿਚ ਵੀ ਮਦਦ ਕਰੇਗੀ ।
3. ਨਾਵਲ ਵਿਚਲੇ ਪਾਤਰਾਂ ਦੀ ਕਿਰਿਆ ਰਾਹੀਂ ਵਿਦਿਆਰਥੀ ਸਮੇਂ ਦੇ ਸੱਚ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਦੇ ਯੋਗ ਹੋਣਗੇ ।
4. ਵਿਦਿਆਰਥੀ ਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਨੇਮ-ਪ੍ਰਬੰਧਾਂ ਤੋਂ ਜਾਣੂ ਹੋਣਗੇ ।
5. ਅਨੁਵਾਦ ਰਾਹੀਂ ਵਿਦਿਆਰਥੀਆਂ ਦੇ ਵਿਵਹਾਰਕ ਗਿਆਨ ਵਿਚ ਵਾਧਾ ਹੋਵੇਗਾ ਅਤੇ ਉਹਨਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ ।

ਐਸ.ਐਸ.ਡੀ. ਗਰਲਜ਼ ਕਾਲਜ (ਖ਼ੁਦਮੁਖਤਿਆਰ)
ਸੈਸ਼ਨ: 2026-27, 2027-28 ਅਤੇ 2028-29 ਤੱਕ
ਬੀ.ਬੀ.ਏ. ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
ਪੰਜਾਬੀ ਲਾਜ਼ਮੀ (ਸਮੈਸਟਰ ਤੀਜਾ)
ਪੇਪਰ ਕੋਡ: BBA306

ਕੁੱਲ ਅੰਕ: 100
ਅੰਦਰੂਨੀ ਮੁਲਾਂਕਣ: 30 ਅੰਕ
ਅਧਿਆਪਨ: 06 ਪੀਰੀਅਡ ਪ੍ਰਤੀ ਹਫਤਾ
ਸਮਾਂ: 3 ਘੰਟੇ

ਵਿਸ਼ੇ ਵਿੱਚੋਂ ਪਾਸ ਹੋਣ ਲਈ ਅੰਕ: 35
ਬਾਹਰੀ ਪਰੀਖਿਆ: 70 ਅੰਕ
ਕੁੱਲ ਕ੍ਰੈਡਿਟ: 04

ਪਾਠਕ੍ਰਮ ਅਤੇ ਪ੍ਰਸ਼ਨ ਪੱਤਰ ਦੀ ਰੂਪ-ਰੇਖਾ

ਭਾਗ-ਓ

ਭਾਗ ਓ-1:ਨਾਵਲ ਕੀ ਹੁੰਦਾ ਹੈ?, ਨਾਵਲ ਦਾ ਸਰੂਪ, ਨਾਵਲ ਅਤੇ ਨਾਵਲੈੱਟ ਵਿਚ ਅੰਤਰ, ਨਾਵਲ ਅਤੇ ਕਹਾਣੀ ਵਿਚ ਅੰਤਰ: ਅਧਿਆਪਕ ਵਿਦਿਆਰਥੀਆਂ ਨੂੰ ਨਾਵਲ ਦੇ ਸਰੂਪ ਬਾਰੇ ਦੱਸੇਗਾ ਅਤੇ ਨਾਵਲ ਦੇ ਕਹਾਣੀ ਅਤੇ ਨਾਵਲੈੱਟ ਨਾਲ ਅੰਤਰ ਬਾਰੇ ਸਮਝਾਏਗਾ। (12 ਅੰਕ)

ਭਾਗ ਓ-2:ਨਾਵਲ **'ਪਿੰਜਰ'(ਅੰਮ੍ਰਿਤਾ ਪ੍ਰੀਤਮ),**ਵਿਦਿਆਰਥੀ ਨੂੰ ਨਾਵਲ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਨਾਵਲ ਬਾਰੇ ਉਸ ਦੇ ਪਾਠਕੀ ਹੁੰਗਾਰੇ ਨੂੰ ਦਰਜ ਕਰਨਾ ਸਿਖਾਇਆ ਜਾਵੇਗਾ। (12 ਅੰਕ)

ਭਾਗ-ਅ

ਭਾਗ ਅ-1: ਪੰਜਾਬੀ ਪੱਤਰਕਾਰੀ:
ਓ) ਖ਼ਬਰ, ਅ) ਵਿਸ਼ੇਸ਼ ਅਖ਼ਬਾਰੀ ਰਿਪੋਰਟ, ਏ) ਫ਼ੀਚਰ ਲੇਖਣ, ਸ) ਇਸ਼ਤਿਹਾਰ ਲੇਖਣ, ਹ) ਇਸ਼ਤਿਹਾਰੀ ਖ਼ਬਰ: ਸੰਕਲਪ ਅਤੇ ਅਭਿਆਸ। ਅਧਿਆਪਕ ਇਨ੍ਹਾਂ ਪੱਤਰਕਾਰੀ ਲੇਖਣ ਰੂਪਾਂ ਬਾਰੇ ਵਿਦਿਆਰਥੀਆਂ ਨੂੰ ਸਪਸ਼ਟਤਾ ਪ੍ਰਦਾਨ ਕਰੇਗਾ। (12 ਅੰਕ)

ਭਾਗ ਅ-2: ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ ਜਾਣ-ਪਛਾਣ:
ਓ) ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਇਲਾਕਾਈ ਵੰਨਗੀਆਂ।
ਅ) ਗੁਰਮੁਖੀ ਲਿਪੀ ਦਾ ਇਤਿਹਾਸ, ਗੁਰਮੁਖੀ ਆਰਥੋਗਰਾਫ਼ੀ।
ਏ) ਪੰਜਾਬੀ ਧੁਨੀ ਵਿਉਂਤ: ਸਵਰ, ਵਿਅੰਜਨ, ਖੰਡੀ ਅਤੇ ਅਖੰਡੀ ਧੁਨੀਆਂ। (12 ਅੰਕ)

ਭਾਗ-ਏ

ਭਾਗ ਓ ਅਤੇ ਅ ਵਿਚੋਂ ਸੰਖੇਪ ਉਤਰਾਂ ਵਾਲੇ 11 ਪ੍ਰਸ਼ਨ (ਲਾਜ਼ਮੀ) । (11x2=22 ਅੰਕ)
ਅੰਕ-ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ
1. ਪਾਠਕ੍ਰਮ ਦੇ ਦੋ ਭਾਗ ਓ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ਓ, ਅ ਅਤੇ ਏ ਹੋਣਗੇ।
2. **ਭਾਗ ਓ-1** ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। (12 ਅੰਕ)
3. **ਭਾਗ ਓ-2** ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਇੱਕ ਦਾ ਉੱਤਰ ਦੇਣਾ ਹੋਵੇਗਾ (ਵਿਸ਼ੇ-ਵਸਤੂ, ਪਾਤਰ, ਵਿਚਾਰਧਾਰਾ ਆਦਿ) । (12 ਅੰਕ)
ਬੀ.ਬੀ.ਏ ਨਾਲ ਸੰਬੰਧਿਤ ਸਾਰੇ ਕੋਰਸ ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ)
ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਲਈ

4. ਭਾਗ ਅ-1 ਵਿਚ ਦਰਜ ਪੱਤਰਕਾਰੀ ਰੂਪਾਂ ਬਾਰੇ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਇੱਕ ਪ੍ਰਸ਼ਨ ਦਾ ਉੱਤਰ ਦੇਣਾ ਹੋਵੇਗਾ। (12 ਅੰਕ)
5. ਭਾਗ ਅ-2 ਵਿਚੋਂ ਵੀ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਇੱਕ ਪ੍ਰਸ਼ਨ ਦਾ ਉੱਤਰ ਦੇਣਾ ਹੋਵੇਗਾ। (12 ਅੰਕ)
6. ਪ੍ਰਸ਼ਨ ਪੱਤਰ ਦੇ ਭਾਗ ਏ ਵਿਚ ਪੂਰੇ ਪਾਠਕ੍ਰਮ ਵਿਚੋਂ 11 ਪ੍ਰਸ਼ਨ ਪੁੱਛੇ ਜਾਣਗੇ, ਵਿਦਿਆਰਥੀ ਨੇ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ 4-6 ਸਤਰਾਂ ਵਿਚ ਦੇਣਾ ਹੋਵੇਗਾ। (11x2=22 ਅੰਕ)

ਸਹਾਇਕ ਪਾਠ ਸਮੱਗਰੀ

- **ਰਾਜਿੰਦਰਪਾਲ ਸਿੰਘ ਬਰਾੜ, ਬਲਦੇਵ ਸਿੰਘ ਚੀਮਾ,**ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਅਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- **ਸਾਹਿਤ ਕੋਸ਼,**ਪੰਜਾਬੀ ਯੂਨੀਵਰਸਿਟੀ, ਪਟਿਆਲਾ।
- **ਡਾ. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ,**ਸਾਹਿਤ ਦੇ ਰੂਪ, ਲਹੌਰ ਬੁੱਕ ਸ਼ਾਪ।
- **ਡਾ. ਟੀ. ਆਰ. ਵਿਨੋਦ**, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- **ਗਿ.ਲਾਲ ਸਿੰਘ ਤੇ ਹਰਕੀਰਤ ਸਿੰਘ,**ਕਾਲਜ ਪੰਜਾਬੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁੱਕ ਬੋਰਡ।

ਐਸ.ਐਸ.ਡੀ. ਗਰਲਜ਼ ਕਾਲਜ (ਖ਼ੁਦਮੁਖਤਿਆਰ)
ਸੈਸ਼ਨ: 2026-27, 2027-28 ਅਤੇ 2028-29 ਤੱਕ
ਬੀ.ਬੀ.ਏ. ਭਾਗ ਦੂਜਾ (ਸਮੈਸਟਰ ਚੌਥਾ)
ਪੰਜਾਬੀ ਲਾਜ਼ਮੀ
ਪੇਪਰ ਕੋਡ: BBA406

ਉਦੇਸ਼ ਅਤੇ ਸੰਭਾਵੀ ਨਤੀਜੇ

ਪਾਠ ਕ੍ਰਮ ਦਾ ਉਦੇਸ਼:

1. ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਰੂਪ ਨਿਬੰਧ ਦੇ ਵੱਖਰੇ ਵੱਖਰੇ ਵਿਸ਼ਿਆਂ ਨੂੰ ਪੜ੍ਹਾਉਣ ਦਾ ਮਨੋਰਥ ਉਹਨਾਂ ਅੰਦਰ ਉਸਾਰੂ ਰੁਚੀਆਂ ਪੈਦਾ ਕਰਨਾ ਹੈ।
2. ਵਿਦਿਆਰਥੀਆਂ ਨੂੰ ਨਿਬੰਧ ਦੇ ਰੂਪਾਂ ਅਤੇ ਸ਼ੈਲੀਆਂ ਦੀ ਜਾਣ-ਪਛਾਣ ਕਰਵਾਉਣਾ ਹੈ।
3. ਇਹ ਵਿਸ਼ਾ ਵਿਦਿਆਰਥੀਆਂ ਨੂੰ ਉਹਨਾਂ ਦੀ ਮਾਂ ਬੋਲੀ ਨਾਲ ਵੀ ਜੋੜਦਾ ਹੈ ।
4. ਇਸ ਕੋਰਸ ਰਾਹੀਂ ਵਿਦਿਆਰਥੀ ਵਿਹਾਰਕ ਪੰਜਾਬੀ ਬਾਰੇ ਡੂੰਆਈ ਨਾਲ ਜਾਣ ਸਕਣਗੇ ।

ਸੰਭਾਵੀ ਨਤੀਜੇ:

1. ਵਿਦਿਆਰਥੀ ਸਾਹਿਤਕ ਸ਼ਬਦਾਂ, ਵਿਸ਼ਿਆਂ ਅਤੇ ਪੰਜਾਬੀ ਵਾਰਤਕ ਨਾਲ ਸੰਬੰਧਿਤ ਹੋਰਨਾਂ ਸਾਹਿਤ ਰੂਪਾਂ ਨੂੰ ਸਮਝਣ ਦੇ ਸਮਰੱਥ ਹੋਣਗੇ ।
2. ਬੁਨਿਆਦੀ ਵਿਆਕਰਨ ਅਤੇ ਸ਼ਬਦਾਵਲੀ ਦੀ ਮੁਹਾਰਤ: ਜ਼ਰੂਰੀ ਪੰਜਾਬੀ ਵਿਆਕਰਣ ਅਤੇ ਸ਼ਬਦਾਵਲੀ ਦੀ ਸਮਝ ਅਤੇ ਵਰਤੋਂ ਵਿੱਚ ਸੁਧਾਰ ਆਉਣਗੇ ।
3. ਪੰਜਾਬੀ ਭਾਸ਼ਾ ਵਿੱਚ ਕੰਪਿਊਟਰ ਦੀ ਮਹੱਤਤਾ ਅਤੇ ਇਸ ਦੇ ਪ੍ਰਭਾਵ ਅਧੀਨ ਆ ਰਹੀਆਂ ਤਬਦੀਲੀਆਂ ਅਤੇ ਭਾਸ਼ਾ ਦੇ ਵੱਖਰੇ-ਵੱਖਰੇ ਰੂਪਾਂ ਬਾਰੇ ਜਾਣਕਾਰੀ ਹਾਸਲ ਕਰਨ ਦੇ ਯੋਗ ਹੋਣਗੇ ।
4. ਵਿਦਿਆਰਥੀ ਪੰਜਾਬੀ ਸ਼ਬਦ ਰਚਨਾ, ਨਾਂਵ ਅਤੇ ਕਿਰਿਆ ਵਾਕੰਸ਼ਾਂ ਦੇ ਨਿਯਮਾਂ ਨੂੰ ਸਮਝ ਕੇ ਭਾਸ਼ਾ ਨੂੰ ਸ਼ੁੱਧ ਅਤੇ ਪ੍ਰਭਾਵਸ਼ਾਲੀ ਰੂਪ ਵਿੱਚ ਲਿਖਣ ਅਤੇ ਬੋਲਣ ਦੇ ਸਮਰੱਥ ਹੋਣਗੇ ।

ਐਸ.ਐਸ.ਡੀ. ਗਰਲਜ਼ ਕਾਲਜ (ਖ਼ੁਦਮੁਖਤਿਆਰ)
ਸੈਸ਼ਨ: 2026-27, 2027-28 ਅਤੇ 2028-29 ਤੱਕ
ਬੀ.ਬੀ.ਏ. ਭਾਗ ਦੂਜਾ (ਸਮੈਸਟਰ ਚੌਥਾ)
ਪੰਜਾਬੀ ਲਾਜ਼ਮੀ
ਪੇਪਰ ਕੋਡ: BBA406

ਕੁੱਲ ਅੰਕ: 100 ਵਿਸ਼ੇ ਵਿੱਚੋਂ ਪਾਸ ਹੋਣ ਲਈ ਅੰਕ: 35
ਅੰਦਰੂਨੀ ਮੁਲਾਂਕਣ: 30 ਅੰਕ ਬਾਹਰੀ ਪਰੀਖਿਆ: 70 ਅੰਕ
ਕੁੱਲ ਕ੍ਰੈਡਿਟ: 04 ਸਮਾਂ: 3 ਘੰਟੇ

ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਭਾਗ-ੳ

- ਨਿਰਧਾਰਤ ਪੁਸਤਕ: 'ਕਾਵਿ-ਲਹਿਰਾਂ',ਸੰਪਾ. ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਭਾਗ-ਅ

- **ਅ-1: ਕੰਪਿਊਟਰ ਸਿਖਲਾਈ:-**
  - ੳ) ਗੁਰਮੁਖੀ ਫ਼ੌਂਟ: ਆਰੰਭ ਅਤੇ ਵਿਕਾਸ।
  - ਅ) ਫ਼ੌਂਟ ਬਦਲੀ (ਕਨਵਰਟਰ): ਮੁੱਢਲੀ ਜਾਣਕਾਰੀ।
  - ੲ) ਯੂਨੀਕੋਡ ਪ੍ਰਣਾਲੀ ਨਾਲ ਜਾਣ-ਪਛਾਣ।
- ਅ -2: ਵਿਆਕਰਣ:
  - ੳ) ਸ਼ਬਦ ਸ਼੍ਰੇਣੀਆਂ: ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ।
  - ਅ) ਵਿਆਕਰਣਕ ਵਰਗ: ਲਿੰਗ, ਵਚਨ, ਕਾਲ, ਕਾਰਕ, ਪੁਰਖ, ਵਾਚ, ਪੱਖ (ਪਰਿਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਹਵਾਲੇ ਨਾਲ ਸਮਝ)।

ਭਾਗ-ੲ

- ਭਾਗ ੳ ਅਤੇ ਅ ਵਿੱਚੋਂ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ (ਲਾਜ਼ਮੀ) । (11x2=22 ਅੰਕ)

ਅੰਕ-ਵੰਡ ਅਤੇ ਪੇਪਰ ਸੈੱਟਰਾਂ ਲਈ ਹਦਾਇਤਾਂ:-

1. ਪ੍ਰਸ਼ਨ 1 (ਭਾਗ ੳ): ਕਿਸੇ ਇੱਕ ਕਵਿਤਾ ਦਾ ਵਿਸ਼ਾ-ਵਸਤੂ/ਸਾਰ/ਸੁਨੇਹਾ, ਜੀਵਨ-ਦ੍ਰਿਸ਼ਟੀ ਅਤੇ ਰਾਜਨੀਤਕ-ਆਰਥਿਕ ਸੋਝੀ ਦਾ ਮਹੱਤਵ (ਤਿੰਨ ਵਿੱਚੋਂ ਇੱਕ)। (12 ਅੰਕ)
2. ਪ੍ਰਸ਼ਨ 2 (ਭਾਗ ੳ): ਦੋ ਕਵਿਤਾਵਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ (ਪ੍ਰਸੰਗ: 4 ਅੰਕ, ਵਿਆਖਿਆ: 8 ਅੰਕ)। (12 ਅੰਕ)
3. ਪ੍ਰਸ਼ਨ 3 (ਭਾਗ ਅ-1):ਕੰਪਿਊਟਰ ਸਿਖਲਾਈ ਵਾਲੇ ਭਾਗ ਵਿੱਚੋਂ ਦੋ ਪ੍ਰਸ਼ਨਾਂ ਵਿੱਚੋਂ ਇੱਕ ਦਾ ਉੱਤਰ। (12 ਅੰਕ)
4. ਪ੍ਰਸ਼ਨ 4 (ਭਾਗ ਅ-2):ਵਿਆਕਰਣ ਨਾਲ ਸੰਬੰਧਿਤ ਚਾਰ ਪ੍ਰਸ਼ਨਾਂ ਵਿੱਚੋਂ ਦੋ ਦੇ ਉੱਤਰ। (2 x 6 = 12 ਅੰਕ)
5. ਪ੍ਰਸ਼ਨ 5 (ਭਾਗ ੲ): ਪੂਰੇ ਪਾਠਕ੍ਰਮ (ਉ ਅਤੇ ਅ) ਵਿੱਚੋਂ 11 ਸੰਖੇਪ ਉੱਤਰਾਂ ਵਾਲੇ ਲਾਜ਼ਮੀ ਪ੍ਰਸ਼ਨ। (11 x 2 = 22 ਅੰਕ)

ਸਹਾਇਕ ਪਾਠ ਸਮੱਗਰੀ

1. **ਰਾਜਿੰਦਰਪਾਲ ਸਿੰਘ ਬਰਾੜ, ਬਲਦੇਵ ਸਿੰਘ ਚੀਮਾ,**ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. **ਸਾਹਿਤ ਕੋਸ਼,**ਪੰਜਾਬੀ ਯੂਨੀਵਰਸਿਟੀ, ਪਟਿਆਲਾ।
3.**ਡਾ. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ,**ਸਾਹਿਤ ਦੇ ਰੂਪ, ਲਹੌਰ ਬੁੱਕ ਸ਼ਾਪ।
4. **ਡਾ. ਟੀ. ਆਰ. ਵਿਨੋਦ,**ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।
5. **ਗਿ. ਲਾਲ ਸਿੰਘ ਤੇ ਹਰਕੀਰਤ ਸਿੰਘ**, ਕਾਲਜ ਪੰਜਾਬੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟਬੁੱਕ ਬੋਰਡ।
6. **ਸੀ.ਪੀ. ਕੰਬੋਜ** ਦੀਆਂ ਕੰਪਿਊਟਰ ਨਾਲ ਸੰਬੰਧਿਤ ਪੁਸਤਕਾਂ।